ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ: 0172- 2623207, 2620106**
**ਫੈਕਸ:0172-2624687, ਈ-ਮੇਲ: ssa.punjab@yahoo.com**

ਵੱਲ

ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ। — ਵੈੱਬ ਸਾਈਟ ਰਾਹੀਂ

ਸਮੂਹ ਜਿਲ੍ਹਾ ਸਾਇੰਸ ਸੁਪਰਵਾਈਜਰ, ਪੰਜਾਬ।

ਸਮੂਹ ਜਿਲ੍ਹਾ ਕੋਆਰਡੀਨੇਟਰ, ਪੜ੍ਹੋ ਪੰਜਾਬ।

ਮੀਮੋ ਨੰ: 50/ਸ.ਸ.ਅ/ਪੈਡਾਗੋਜ਼ੀ/94047-87

ਮਿਤੀ: ਚੰਡੀਗੜ੍ਹ 13.12.2011

**ਵਿਸ਼ਾ:-** **ਸੀ.ਸੀ.ਈ. ਦੇ ਰਿਕਾਰਡ ਦੀ ਚੈਕਿੰਗ ਕਰਨ ਹਿਤ।**

1.0 ਆਪ ਜੀ ਇਸ ਤੱਥ ਤੋਂ ਭਲੀਭਾਂਤ ਜਾਣੂ ਹੋ ਕਿ ਚਲਦੇ ਅਕਾਦਮਿਕ ਸਾਲ ਤੋਂ ਸੀ.ਸੀ.ਈ ਦਾ ਕੰਸੈਪਟ ਸਕੂਲਾਂ ਵਿੱਚ ਲਾਗੂ ਹੋ ਗਿਆ ਹੈ ਅਤੇ ਇਸ ਬਾਰੇ ਹਰੇਕ ਪੱਧਰ ਦੇ ਅਧਿਕਾਰੀ ਅਤੇ ਕਰਮਚਾਰੀ ਨੂੰ ਟ੍ਰੇਨਿੰਗ ਵੀ ਦਿੱਤੀ ਜਾ ਚੁੱਕੀ ਹੈ।

2.0 ਆਪ ਜੀ ਅਤੇ ਆਪ ਦੀਆਂ ਟੀਮਾਂ ਸਕੂਲਾਂ ਦਾ ਲਗਾਤਾਰ ਨਿਰੀਖਣ ਕਰ ਰਹੀਆਂ ਹਨ ਤੇ ਕਿਸੇ ਵੀ ਤਰ੍ਹਾਂ ਦੀ ਰਹਿ ਗਈ ਕਮੀ ਬਾਰੇ ਵਿਭਾਗ ਨੂੰ ਸੂਚਿਤ ਕਰ ਰਹੇ ਹੋ ਤਾਂ ਜੋ ਵਿਭਾਗ ਸਮਾਂ ਰਹਿੰਦਿਆਂ ਉਸ ਕਮੀ ਨੂੰ ਦੂਰ ਕਰਵਾ ਸਕੇ।

3.0 ਮੋਨੀਟਰਿੰਗ ਦੀ ਇਸੇ ਲੜੀ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਬਾਕੀ ਮੁੱਦਿਆਂ ਦੇ ਨਾਲ ਸੀ.ਸੀ.ਈ ਦੇ ਅਹਿਮ ਮੁੱਦੇ ਦੀ ਵੀ ਮੋਨੀਟਰਿੰਗ ਸੰਜੀਦਗੀ ਨਾਲ ਕੀਤੀ ਜਾਵੇ। ਇਸ ਮੁੱਦੇ ਦੀ ਮੋਨੀਟਰਿੰਗ/ ਰਿਪੋਰਟ ਤੋਂ ਬਿਨਾਂ ਆਪ ਦੀ ਰਿਪੋਰਟ ਅਧੂਰੀ ਮੰਨੀ ਜਾਵੇਗੀ।

4.0 ਆਪ ਜੀ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਵਿਭਾਗ ਵਲੋਂ ਸਕੂਲਾਂ ਨੂੰ ਦੋ ਤਰ੍ਹਾਂ ਦੇ ਰਜਿਸਟਰ (ਵਿਸ਼ਾ ਅਧਿਆਪਕ ਰਜਿਸਟਰ ਅਤੇ ਜਮਾਤ ਰਜਿਸਟਰ) ਅਤੇ ਰਿਪੋਰਟ ਕਾਰਡ ਭੇਜੇ ਗਏ ਹਨ। ਰਿਕਾਰਡ ਭਰਨ ਦਾ ਕੰਮ ਜੁਲਾਈ, 2011 ਤੋਂ ਸ਼ੁਰੂ ਕੀਤਾ ਜਾਣਾ ਸੀ।

5.0 ਹਰੇਕ ਅਧਿਆਪਕ ਨੂੰ ਸੀ.ਸੀ.ਈ ਸਬੰਧੀ ਮਾਡਿਊਲ ਵੀ ਦਿੱਤਾ ਗਿਆ ਹੈ। ਟ੍ਰੇਨਿੰਗ ਦੌਰਾਨ ਦੱਸੇ ਅਨੁਸਾਰ ਅਤੇ ਇਸ ਮਾਡਿਊਲ ਤੋਂ ਸੇਧ ਲੈ ਕੇ ਅਧਿਆਪਕ ਸੀ.ਸੀ.ਈ ਦਾ ਰਿਕਾਰਡ ਬਾਖੂਬੀ ਭਰਨ ਵਿੱਚ ਮਾਹਿਰ ਹੋ ਗਏ ਹੋਣਗੇ।

6.0 ਇਸ ਸਭ ਦੇ ਮੱਦੇਨਜ਼ਰ ਮੋਨੀਟਰਿੰਗ ਦੌਰਾਨ ਜੇਕਰ ਕਿਸੇ ਅਧਿਆਪਕ ਵਲੋਂ ਕਿਸੇ ਨੁਕਤੇ ਬਾਰੇ ਸੇਧ ਮੰਗੀ ਜਾਂਦੀ ਹੈ ਤਾਂ ਉਸਦੀ ਮਦਦ ਕਰਨਾ ਆਪ ਜੀ ਦਾ ਫ਼ਰਜ਼ ਹੈ। ਮੌਕੇ ਤੇ ਸੀ.ਸੀ.ਈ ਸਬੰਧੀ ਕਿਸੇ ਵੀ ਨੁਕਤੇ ਬਾਰੇ ਸਪੱਸ਼ਟਤਾ ਲਈ ਸ਼੍ਰੀਮਤੀ ਸੋਮਾ ਸਬਲੋਕ, ਏ.ਐਸ.ਪੀ.ਡੀ (ਪੈਡਾਗੋਜ਼ੀ) ਨੂੰ ਉਹਨਾਂ ਦੇ ਫ਼ੋਨ ਨੰ. 98146-93992 ਤੇ ਫ਼ੋਨ ਕਰਕੇ ਪੁੱਛਿਆ ਜਾ ਸਕਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

ਉਪਰੋਕਤ ਦਾ ਉਤਾਰਾ ਡੀ.ਐਮ (ਐਮ.ਆਈ.ਐਸ) ਨੂੰ ਵੈੱਬ ਸਾਈਟ ਤੇ ਪਾਉਣ ਹਿਤ ਭੇਜਿਆ ਜਾਂਦਾ ਹੈ।